**ਦਫਤਰ ਚੋਣਕਾਰ ਰਜਿਸਟਰੇਸ਼ਨ ਅਫਸਰ-94- ਤਲਵੰਡੀ ਸਾਬੋ ਵਿਧਾਨ ਸਭਾ ਚੋਣ ਹਲਕਾ**

**-ਕਮ-ਉੱਪ ਮੰਡਲ ਮੈਜਿਸਟਰੇਟ, ਤਲਵੰਡੀ ਸਾਬੋ**

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ।

**OFFICE OF THE ELECTORAL REGISTRATION OFFICER-94-TALWANDI SABO(AC)**

**-CUM- SUB DIVISIONAL MAGISTRATE TALWANDI SABO**

**Contact No -01655-220241,292300 Email- ero94talwandisabo@gmail.com**

---

ਪੱਤਰ ਨੰ:5972 ਮਿਤੀ: 11-06-2026

ਵੱਲ,

ਸਮੂਹ ਵਿਭਾਗਾਂ ਦੇ ਮੁੱਖੀ,
094-ਤਲਵੰਡੀ ਸਾਬੋ ।

**ਵਿਸ਼ਾ:- Special Intensive Revision-2026 ਦੇ ਸੰਬੰਧ ਵਿੱਚ ਅਧਿਕਾਰੀਆਂ/ਕਰਮਚਾਰੀਆਂ ਨੂੰ ਫ਼ਾਰਗ ਕਰਨ ਬਾਰੇ।**

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ ਅਤੇ ਮੁੱਖ ਚੋਣ ਅਫ਼ਸਰ ਪੰਜਾਬ ਜੀ ਵੱਲੋਂ Special Intensive Revision-2026 ਦਾ ਐਲਾਨ ਹੋ ਚੁੱਕਾ ਹੈ। ਜਿਸ ਸੰਬੰਧੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਇਸ ਸੰਬੰਧੀ ਚੱਲ ਰਹੇ ਅਹਿਮ ਕੰਮਾਂ ਨੂੰ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਜਿੰਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਦੀ ਡਿਊਟੀ ਨਿਮਨਹਸਤਾਖ਼ਰ ਦੇ ਹਲਕੇ ਅਧੀਨ ਬਤੌਰ ਬੀ.ਐਲ.ਓ/ਸੁਪਰਵਾਈਜ਼ਰ ਆਦਿ ਸੰਬੰਧੀ ਲੱਗੀ ਹੋਈ ਹੈ, ਉਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਨੂੰ ਮਿਤੀ: 15.06.2026 ਤੋਂ ਅਗਲੇ ਹੁਕਮਾਂ ਤੱਕ ਫ਼ਾਰਗ ਕੀਤਾ ਜਾਵੇ ਤਾਂ ਜੋ ਇਸ ਹਲਕੇ ਅਧੀਨ ਚੱਲ ਰਹੇ ਕੰਮ ਜਿਵੇਂ Pre-SIR Mapping/Clearance of Anomalies/ Special Intensive Revision-2026 ਨੂੰ ਹਦਾਇਤਾਂ ਅਨੁਸਾਰ ਨਿਰਵਿਘਨ ਨੇਪਰੇ ਚਾੜ੍ਹਿਆ ਜਾ ਸਕੇ।

**ਇੰਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ। ਕਿਸੇ ਕਿਸਮ ਦੀ ਦੇਰੀ ਦੀ ਸੂਰਤ ਵਿੱਚ ਲੋਕ ਪ੍ਰਤੀਨਿਧਤਾ ਐਕਟ 1950 ਦੀ ਧਾਰਾ 32 ਤਹਿਤ ਅਨੁਸ਼ਾਸਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।**

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
094 ਤਲਵੰਡੀ ਸਾਬੋ।

ਪਿੱਠ ਅੰਕਣ ਨੰ: 5973-76 ਮਿਤੀ: 11-06-2026

ਇਸ ਦਾ ਇੱਕ ਉਤਾਰਾ:

1.ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਬਠਿੰਡਾ ਜੀ ਪਾਸ ਸੂਚਨਾ ਹਿੱਤ।

2. ਡੀ.ਐਸ.ਪੀ. ਤਲਵੰਡੀ ਸਾਬੋ ਜੀ ਪਾਸ ਸੂਚਨਾ ਹਿੱਤ।

3.ਸੰਬੰਧਿਤ ਸੁਪਰਵਾਈਜ਼ਰ/ਬੀ.ਐਲ.ਓ ਨੂੰ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਅਨੁਸਾਰ ਚੋਣਾਂ ਸੰਬੰਧੀ ਚੱਲ ਰਹੇ ਅਹਿਮ ਕੰਮਾਂ ਨੂੰ ਸਮੇਂ ਸਿਰ ਮੁਕੰਮਲ ਕੀਤਾ ਜਾਵੇ ਅਤੇ ਇਸ ਦਫ਼ਤਰ ਵੱਲੋਂ ਪ੍ਰਾਪਤ ਹੋਣ ਵਾਲੀਆਂ ਹਦਾਇਤਾਂ ਅਨੁਸਾਰ ਮੰਗੀਆਂ ਜਾਂਦੀਆਂ ਰਿਪੋਰਟਾਂ ਨੂੰ ਸਮੇਂ ਸਿਰ ਇਸ ਦਫ਼ਤਰ ਪਾਸ ਭੇਜਿਆ ਜਾਵੇ ਅਤੇ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਚੱਲ ਰਹੀ ਵੋਟਰ ਸੂਚੀਆਂ ਦੀ ਮੈਪਿੰਗ ਦੇ ਅਹਿਮ ਕੰਮ ਨੂੰ ਨਾਲੋ ਨਾਲ ਕਰਨਾ ਯਕੀਨੀ ਬਣਾਇਆ ਜਾਵੇ।

4. ਸੰਬੰਧਿਤ ਮਾਸਟਰ ਟ੍ਰੇਨਰਾ / ਪਰਨੂਰ ਸਿੰਘ ਬੀ.ਐਲ.ਓ. ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ SIR-2026 ਸਬੰਧੀ ਬੀ.ਐਲ.ਓਜ਼/ਸੁਪਰਵਾਈਜਰਾਂ ਨੂੰ ਆ ਰਹੀਆਂ ਮੁਸ਼ਕਿਲਾਂ ਸੰਬੰਧੀ ਸਮੇਂ -ਸਮੇਂ ਤੇ ਤਾਲਮੇਲ ਕਰਕੇ SIR-2026 ਦੇ ਕੰਮ ਨੂੰ ਨਿਰਵਿਘਨ ਨੇਪਰੇ ਚਾੜ੍ਹਿਆ ਜਾਵੇ ਜੀ।

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
094 ਤਲਵੰਡੀ ਸਾਬੋ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2026/ 1086 ਮਿਤੀ : 25/06/26

ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ , ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

25/06/26

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।